بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَ نُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡد
لَا اِلٰہَ اِلَّا اللّٰہُ مُحَمَّدٌ رَّسُوۡلُ اللّٰہ
دفتر مجلس انصار اللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA

Mob: +919682536974, E-Mail: ansarullah@qadian.in ਮੁਹੱਲਾ ਅਹਮਦੀਆ ਕਾਦੀਆਂ,ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਜਲਸਾ ਸਾਲਾਨਾ ਬਰਤਾਨੀਆ 2026 ਈ: ਦੇ ਹਵਾਲੇ ਨਾਲ ਅੱਲਾਹ ਤਆਲਾ ਦੇ ਫ਼ਜ਼ਲਾਂ ਅਤੇ ਗ਼ੈਰ ਅਜ਼ ਜਮਾਅਤ ਮਹਿਮਾਨਾਂ ਦੀਆਂ ਪ੍ਰਤੀਕਿਰਿਆਵਾਂ ਦਾ ਤਜ਼ਕਿਰਾ।

ਸੰਖੇਪ ਵਿਵਰਨ ਖ਼ੁਤਬਾ ਜੁਮਆ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖ਼ਲੀਫ਼-ਤੁਲ-ਮਸੀਹ ਅਲ-ਖ਼ਾਮਿਸ ਅੱਯਦਾਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼, 31 ਜੁਲਾਈ 2026 ਈ:, ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ.

أَشۡهَدُ أَنۡ لَّآ إِلٰهَ إِلَّا اللّٰهُ وَحۡدَهٗ لَا شَرِيۡكَ لَهٗ وَأَشۡهَدُ أَنَّ مُحَمَّدًا عَبۡدُهٗ وَرَسُوۡلُهٗ ۞ أَمَّا بَعۡدُ فَأَعُوۡذُ بِاللّٰهِ مِنَ الشَّيۡطٰنِ الرَّجِيۡمِ ۞ بِسۡمِ اللّٰهِ الرَّحۡمٰنِ الرَّحِيۡمِ ۞ اَلۡحَمۡدُ لِلّٰهِ رَبِّ الۡعٰلَمِيۡنَ ۞ اَلرَّحۡمٰنِ الرَّحِيۡمِ ۞ مٰلِكِ يَوۡمِ الدِّيۡنِ ۞ إِيَّاكَ نَعۡبُدُ وَإِيَّاكَ نَسۡتَعِيۡنُ ۞ إِهۡدِنَا الصِّرَاطَ الۡمُسۡتَقِيۡمَ ۞ صِرَاطَ الَّذِيۡنَ أَنۡعَمۡتَ عَلَيۡهِمۡ ۙ غَيۡرِ الۡمَغۡضُوۡبِ عَلَيۡهِمۡ وَلَا الضَّآلِّيۡنَ ۞

**ਤਸ਼ੱਹੁਦ**, **ਤਅੱਵੁਜ਼** ਅਤੇ **ਸੂਰਤ ਫ਼ਾਤਿਹਾ** ਦੀ ਤਿਲਾਵਤ ਤੋਂ ਬਾਅਦ ਹਜ਼ੂਰ ਅਨਵਰ ਅੱਯਦਾ ਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼ ਨੇ ਫ਼ਰਮਾਇਆ: ਅੱਲਾਹ ਤਆਲਾ ਦੇ ਫ਼ਜ਼ਲ ਨਾਲ ਪਿਛਲੇ ਐਤਵਾਰ ਨੂੰ ਜਮਾਅਤ ਅਹਮਦਿੱਯਾ ਬਰਤਾਨੀਆ (UK) ਦਾ ਤਿੰਨ ਦਿਨ ਦਾ ਜਲਸਾ ਸਲਾਨਾ ਅੱਲਾਹ ਤਆਲਾ ਦੇ ਫ਼ਜ਼ਲਾਂ ਨੂੰ ਸਮੇਟਦੇ ਹੋਏ ਆਪਣੇ ਇਖ਼ਤਿਤਾਮ ਨੂੰ ਪਹੁੰਚਿਆ। ਜਲਸੇ ਦੀਆਂ ਤਿਆਰੀਆਂ ਵਿੱਚ ਮਹੀਨੇ ਲੱਗਦੇ ਹਨ। ਇੱਕ ਜਲਸੇ ਦੇ ਬਾਅਦ ਹੀ ਅਗਲੇ ਜਲਸੇ ਦੀ ਤਿਆਰੀ ਸ਼ੁਰੂ ਹੋ ਜਾਂਦੀ। ਇਸ ਦਾ ਜ਼ੋਰ ਜਲਸੇ ਤੋਂ ਕੁੱਝ ਹਫ਼ਤੇ ਪਹਿਲੇ ਸ਼ੁਰੂ ਹੋ ਜਾਂਦਾ ਹੈ ਅਤੇ ਫਿਰ ਜਲਸੇ ਤੋਂ ਇੱਕ ਦੋ ਹਫ਼ਤੇ ਪਹਿਲਾਂ ਤਾਂ ਇਹ ਇੰਨਾ ਵਧ ਜਾਂਦਾ ਹੈ ਕਿ ਜਲਸੇ ਦੇ ਦਿਨਾਂ ਵਿੱਚ ਹਜ਼ਾਰਾਂ ਰਜ਼ਾਕਾਰ ਮਰਦ, ਔਰਤਾਂ, ਬੁੱਢੇ ਅਤੇ ਜਵਾਨ ਆਪਣੀਆਂ ਸਾਰੀਆਂ ਸਲਾਹੀਅਤਾਂ ਅਤੇ ਇਖ਼ਲਾਸ ਦੇ ਨਾਲ ਹਰ ਵੇਲੇ ਖ਼ਿਦਮਤ ਕਰ ਰਹੇ ਹੁੰਦੇ ਹਨ।

ਬਸ ਇਸ ਲਿਹਾਜ਼ ਨਾਲ ਤਮਾਮ ਕਰਕੁਨਾਨ, ਜਿਹੜੇ ਜਲਸੇ ਦੇ ਕਿਸੇ ਵੀ ਸ਼ੋਅਬੇ ਵਿੱਚ ਕੰਮ ਕਰ ਰਹੇ ਹਨ, ਉਹ ਸ਼ੁਕਰੀਆ ਦੇ ਹੱਕ਼ਦਾਰ ਹਨ। ਅੱਲਾਹ ਤਆਲਾ ਉਨ੍ਹਾਂ ਨੂੰ ਇਸ ਖ਼ਿਦਮਤ ਦੀ ਬਿਹਤਰੀਨ ਜਜ਼ਾ ਦੇਵੇ। ਇਸੇ ਤਰ੍ਹਾਂ ਐਮ.ਟੀ.ਏ (MTA) ਦੇ ਕਰਕੁਨਾਨ ਹਨ ਜਿਨ੍ਹਾਂ ਵਿੱਚ ਅਕਸਰੀਅਤ ਰਜ਼ਾਕਾਰਾਂ ਦੀ ਹੈ। ਫਿਰ ਪ੍ਰੈਸ ਐਂਡ ਮੀਡੀਆ ਦੀ ਟੀਮ ਹੈ। ਖ਼ੁੱਦਾਮੁਲ੍ ਅਹਮਦਿੱਯਾ ਕੈਨੇਡਾ ਦੇ ਖ਼ੁੱਦਾਮ ਹਰ ਸਾਲ ਦੀ ਤਰ੍ਹਾਂ ਵੱਡੀ ਤਾਦਾਦ ਵਿੱਚ ਇੱਥੇ ਆਏ ਅਤੇ ਵਾਇੰਡ ਅਪ ਵਿੱਚ ਖ਼ਿਦਮਤ ਕੀਤੀ। ਹੁਣ ਆਸਟ੍ਰੇਲੀਆ ਵਾਲਿਆਂ ਨੇ ਵੀ ਆਉਣਾ ਸ਼ੁਰੂ ਕੀਤਾ ਹੈ। ਇਹ ਸਾਰੇ ਬਹੁਤ ਚੰਗੇ ਤਰੀਕ਼ੇ ਨਾਲ ਕੰਮ ਕਰ ਰਹੇ ਹਨ।

ਮੈਂ ਖ਼ੁਦ ਵੀ ਸਾਰੇ ਕਾਰਕੁਨਾਨ ਅਤੇ ਕਾਰਕੁਨਾਤ ਦਾ ਸ਼ੁਕਰੀਆ ਅਦਾ ਕਰਦਾ ਹਾਂ ਪਰ ਨਾਲ ਹੀ ਉਨ੍ਹਾਂ ਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਉਨ੍ਹਾਂ ਨੂੰ ਖ਼ੁਦ ਵੀ ਖ਼ੁਦਾ ਤਆਲਾ ਦਾ ਸ਼ੁਕਰਗੁਜ਼ਾਰ ਹੋਣਾ ਚਾਹੀਦਾ ਹੈ ਕਿ ਅੱਲਾਹ ਤਆਲਾ ਨੇ ਇਨ੍ਹਾਂ ਸਭ ਕਾਰਕੁਨਾਨ ਨੂੰ ਤੌਫ਼ੀਕ਼ ਦਿੱਤੀ ਕਿ ਉਹ ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਦੇ ਮਹਿਮਾਨਾਂ ਦੀ ਖ਼ਿਦਮਤ ਕਰਨ। ਲੋਕਾਂ ਦੇ ਸ਼ੁਕਰਗੁਜ਼ਾਰੀ ਦੇ ਇਜ਼ਹਾਰ ਨਾਲ ਤੁਹਾਨੂੰ ਹੋਰ ਖ਼ੁਦਾ ਦੇ ਅੱਗੇ ਝੁਕਣਾ ਚਾਹੀਦਾ ਹੈ, ਹੋਰ ਨਿਮਾਣਾ ਬਣਨਾ ਚਾਹੀਦਾ ਹੈ। ਅੱਲਾਹ ਤਆਲਾ ਇਸ ਦੀ ਤੁਹਾਨੂੰ ਤੌਫ਼ੀਕ਼ ਦੇਵੇ।

ਹਜ਼ੂਰ ਅਨਵਰ ਨੇ ਫ਼ਰਮਾਇਆ: ਕੰਮ ਕਰਨ ਵਾਲਿਆਂ ਦੇ ਇਰਾਦੇ ਅਤੇ ਜਜ਼ਬੇ ਨਾਲ ਇਸਲਾਮ ਅਤੇ ਅਹਮਦਿੱਯਤ ਦੀ ਤਬਲੀਗ਼ ਵੀ ਹੁੰਦੀ ਹੈ। ਕਈ ਲੋਕ ਆਪਣੇ ਜਜ਼ਬਾਤ ਅਤੇ ਮੁਸ਼ਾਹਿਦਾਤ ਟਿੱਪਣੀਆਂ ਦੀ ਸੂਰਤ ਵਿੱਚ ਲਿਖ ਕੇ ਭੇਜਦੇ ਹਨ। ਇਨ੍ਹਾਂ ਵਿੱਚੋਂ ਕੁੱਝ ਮੈਂ ਹੁਣੇ ਪੇਸ਼ ਕਰਾਂਗਾ।

**ਗੈਮਬੀਆ** ਦੇ ਸੰਚਾਰ ਮੰਤਰੀ ਲਿਖਦੇ ਹਨ: ਜਲਸਾ ਸਲਾਨਾ ਦੀ ਇੱਕ ਗਹਿਰੀ ਹਕ਼ੀਕ਼ਤ ਨੂੰ ਦੇਖ ਕੇ ਮੈਂ ਹੈਰਾਨ ਰਹਿ ਗਿਆ। ਇਹ ਇੱਕ ਮਹਾਨ ਵਿਸ਼ਵ ਸੰਮੇਲਨ ਹੈ ਜਿਹੜਾ ਨਿਸ਼ਕਾਮ ਖ਼ਿਦਮਤ ਅਤੇ ਖ਼ਾਮੋਸ਼ ਅਟੱਲ ਕ਼ੁਰਬਾਨੀ ਦੀ ਬੁਨਿਆਦ 'ਤੇ ਕ਼ਾਇਮ ਹੈ।

**ਨਾਇਜੇਰੀਆ** ਤੋਂ ਇੱਕ ਬਾਦਸ਼ਾਹ ਹਨ ਜਿਨ੍ਹਾਂ ਦੇ ਤਹਿਤ ਤਕ਼ਰੀਬਨ ਅੱਧੀ ਸਟੇਟ ਹੈ। ਉਹ ਕਹਿੰਦੇ ਹਨ: ਜਦ ਮੈਂ ਜਲਸਾ ਸਾਲਾਨਾ ਯੂ.ਕੇ ਦੇ ਲਈ ਰਵਾਨਾ ਹੋਇਆ ਤਾਂ ਮੈਨੂੰ ਅੰਦਾਜ਼ਾ ਨਹੀਂ ਸੀ ਕਿ ਮੈਂ ਇੱਕ ਅਜ਼ੀਮੁੱਸ਼ ਸ਼ਾਨ, ਵਿਵਸਥਿਤ ਅਤੇ ਰੂਹਾਨੀ ਇਕੱਠ ਦਾ ਹਿੱਸਾ ਬਣਨ ਜਾ ਰਿਹਾ ਹਾਂ ਜਿਹੜਾ ਮੇਰੀ ਜ਼ਿੰਦਗੀ ਵਿੱਚ ਇੰਨਾ ਗਹਿਰਾ ਅਸਰ ਛੱਡੇਗਾ। ਇੱਥੇ ਪਹੁੰਚ ਕੇ ਮੈਂ ਨਾ ਸਿਰਫ਼ ਗ਼ੈਰ ਮਾਮੂਲੀ ਪ੍ਰਬੰਧ, ਭਾਈਚਾਰਾ ਅਤੇ ਖ਼ਿਦਮਤਿ ਖ਼ਲ੍ਕ਼ ਦਾ ਅਮਲੀ ਨਮੂਨਾ ਦੇਖਿਆ ਬਲਕਿ ਦੁਨੀਆ ਦੇ ਵੱਖ ਵੱਖ ਮੁਲਕਾਂ ਅਤੇ ਕ਼ੌਮਾਂ ਨਾਲ਼ ਤਅੱਲੁਕ਼ ਰੱਖਣ ਵਾਲ਼ੇ ਲੋਕਾਂ ਨੂੰ ਮੁਹੱਬਤ, ਇੱਜ਼ਤ ਅਤੇ ਭਾਈਚਾਰੇ ਦੇ ਰਿਸ਼ਤੇ ਵਿੱਚ ਬੰਨ੍ਹਿਆ ਹੋਇਆ ਪਾਇਆ।

ਉਨ੍ਹਾਂ ਦੀ ਪਤਨੀ ਨੇ ਕਿਹਾ ਕਿ ਮੈਨੂੰ ਸਭ ਤੋਂ ਜ਼ਿਆਦਾ ਹੈਰਾਨਗੀ ਔਰਤਾਂ ਦੇ ਲਈ ਕੀਤੇ ਗਏ ਮਿਸਾਲੀ ਪ੍ਰਬੰਧ, ਉਨ੍ਹਾਂ ਦੀ ਇੱਜ਼ਤ, ਆਜ਼ਾਦੀ ਅਤੇ ਮਾਹੌਲ ਨੂੰ ਦੇਖ ਕੇ ਹੋਈ। ਹਜ਼ਾਰਾਂ ਔਰਤਾਂ ਨੂੰ ਇੰਤਿਹਾਈ ਵਕ਼ਾਰ ਦੇ ਨਾਲ਼, ਬੜੇ ਪ੍ਰਬੰਧਕ ਤਰੀਕ਼ੇ ਨਾਲ਼ ਜਲਸੇ ਵਿੱਚ ਆਉਂਦੇ ਜਾਂਦੇ ਦੇਖ ਕੇ ਮੇਰੇ ਇਸਲਾਮ ਦੇ ਬਾਰੇ ਕਈ ਵਿਚਾਰ ਬਦਲ ਗਏ ਹਨ।

**ਸੈਨਿਗਾਲ** ਦੇ ਸਾਬਿਕ਼ ਗਵਰਨਰ ਸੈਂਟ ਲੂਈਸ ਬ-ਤੌਰ ਮਹਿਮਾਨ ਸ਼ਰੀਕ ਹੋਏ। ਉਹ ਕਹਿੰਦੇ ਹਨ: ਮੈਂ ਸਾਰੀਆਂ ਤਕ਼ਰੀਰਾਂ ਨੂੰ ਤਵੱਜੋ ਨਾਲ਼ ਸੁਣਿਆ। ਤਰਜਮੇ ਦਾ ਪ੍ਰਬੰਧ ਬਹੁਤ ਚੰਗਾ ਸੀ ਜਿਸ ਦੀ ਬ-ਦੌਲਤ ਅਸੀਂ ਸਾਰੀਆਂ ਤਕ਼ਰੀਰਾਂ ਅਤੇ ਪੈਗ਼ਾਮਾਂ ਨੂੰ ਬ-ਖ਼ੂਬੀ ਸਮਝ ਸਕੇ। ਜਲਸੇ ਦੇ ਦੌਰਾਨ ਜਿਹੜਾ ਪੈਗ਼ਾਮ ਸਭ ਤੋਂ ਜ਼ਿਆਦਾ ਉੱਘਾ ਹੋਇਆ ਉਹ ਮੁਹੱਬਤ, ਅਮਨ ਅਤੇ ਭਾਈਚਾਰੇ ਦਾ ਪੈਗ਼ਾਮ ਸੀ।

**ਲੈਗਜ਼ਮਬਰਗ** ਤੋਂ ਇੱਕ ਬੈਰਿਸਟਰ ਸਾਹਿਬ ਤਸ਼ਰੀਫ਼ ਲਿਆਏ ਸਨ। ਉਹ ਕਹਿੰਦੇ ਹਨ: ਜਲਸੇ ਦੇ ਤਿੰਨ ਦਿਨ ਮੇਰੀ ਜ਼ਿੰਦਗੀ ਦੇ ਅਹਿਮ ਤਰੀਨ ਤਿੰਨ ਦਿਨ ਬਣ ਗਏ ਹਨ। ਮੈਂ ਆਪਣੀ ਜ਼ਿੰਦਗੀ ਵਿੱਚ ਪਹਿਲੀ ਵਾਰ ਇੰਨਾ ਵੱਡਾ ਵਿਵਸਥਿਤ ਇਸਲਾਮੀ ਇਕੱਠ ਦੇਖਿਆ। ਆਲਮੀ ਬੈਅਤ ਦਾ ਰੂਹ ਪਰਵਰ ਨਜ਼ਾਰਾ ਮੇਰੇ ਲਈ ਨਾ-ਕ਼ਾਬਿਲਿ ਫ਼ਰਾਮੋਸ਼ (ਨਾ ਭੁੱਲਣ ਯੋਗ) ਸੀ। ਇਮਾਮ ਜਮਾਅਤ ਨਾਲ਼ ਮੇਰੀ ਮੁਲਾਕ਼ਾਤ ਹੋਈ। ਬੇ-ਸ਼ੱਕ ਕਿ ਮੁਲਾਕ਼ਾਤ ਤੋਂ ਪਹਿਲਾਂ ਮੈਨੂੰ ਘਬਰਾਹਟ ਸੀ ਪਰ ਉਨ੍ਹਾਂ ਨਾਲ਼ ਮਿਲ਼ਦੇ ਹੀ ਘਬਰਾਹਟ ਦੂਰ ਹੋ ਗਈ।

ਇੱਕ ਨਵੇਂ ਬੈਅਤ ਕਰਨ ਵਾਲ਼ੇ ਕਹਿੰਦੇ ਹਨ ਕਿ ਇਸਲਾਮ ਕ਼ਬੂਲ ਕਰਨ ਤੋਂ ਪਹਿਲਾਂ ਮੇਰਾ ਤਅੱਲੁਕ਼ ਇਸਾਈਅਤ ਨਾਲ਼ ਸੀ। ਸਾਨੂੰ ਸਿਖਾਇਆ ਜਾਂਦਾ ਸੀ ਕਿ ਇਮਾਨ ਦਾ ਤਅੱਲੁਕ਼ ਮੌਸੀਕ਼ੀ (Music, ਸੰਗੀਤ) ਨਾਲ਼ ਹੈ। ਪਰ ਮੈਂ ਕਦੀ ਵੀ ਇਸ ਅੰਦਾਜ਼ ਨਾਲ਼ ਰੂਹਾਨੀ ਸਕੂਨ ਅਤੇ ਕ਼ੁਰਬਿ ਇਲਾਹੀ (ਪਰਮਾਤਮਾ ਦੀ ਨੇੜਤਾ) ਮਹਿਸੂਸ ਨਹੀਂ ਕਰ ਸਕਿਆ। ਮੁਸਲਮਾਨ ਹੋਣ ਦੇ ਬਾਅਦ ਵੀ ਮੈਂ ਭਾਵੇਂ ਨਮਾਜ਼ ਵਗ਼ੈਰਾ ਪੜ੍ਹਦਾ ਸੀ ਪਰ ਰਿੱਕ਼ਤ (ਭਾਵੁਕਤਾ) ਮਹਿਸੂਸ ਨਹੀਂ ਕਰ ਪਾਉਂਦਾ ਸੀ ਪਰ ਜਲਸੇ ਵਿੱਚ ਸ਼ਾਮਿਲ਼ ਹੋ ਕੇ ਮੇਰੇ 'ਤੇ ਅਜਿਹੀ ਰੂਹਾਨੀ ਕੈਫ਼ੀਅਤ ਤਾਰੀ ਹੋਈ ਹੋਈ ਕਿ ਮੇਰੀਆਂ ਅੱਖਾਂ 'ਚੋਂ ਅੱਥਰੂ ਜਾਰੀ ਹੋ ਗਏ। ਮੈਂ ਲਗਾਤਾਰ ਦੁਆਵਾਂ ਮੰਗਦਾ ਰਿਹਾ। ਮੇਰਾ ਅੱਲਹਾ ਤਆਲਾ ਨਾਲ਼ ਅਤੇ ਖ਼ਿਲਾਫ਼ਤ ਨਾਲ਼ ਇੱਕ ਰੂਹਾਨੀ ਤਅੱਲੁਕ਼ ਕ਼ਾਇਮ ਹੋ ਗਿਆ।

**ਚੈੱਕ ਰਿਪਬਲਿਕ** ਤੋਂ ਦੋ ਪ੍ਰੋਫ਼ੈਸਰ ਸਾਹਿਬਾਨ ਤਸ਼ਰੀਫ਼ ਲਿਆਏ ਸਨ। ਉਹ ਕਹਿੰਦੇ ਹਨ: ਵਾਪਸ ਚੈੱਕ ਰਿਪਬਲਿਕ ਜਾ ਕੇ ਅਸੀਂ ਆਪਣੇ ਸਾਥੀਆਂ ਅਤੇ ਵਿਦਿਆਰਥੀਆਂ ਨੂੰ ਇਹ ਦੱਸਾਂਗੇ ਕਿ ਤੁਸੀਂ ਖ਼ੁਦ ਜਾ ਕੇ ਉਸ ਅਜ਼ੀਮੁੱਸ਼ ਸ਼ਾਨ ਮਹਿਫ਼ਿਲ ਦਾ ਮੁਸ਼ਾਹਿਦਾ ਕਰੋ। ਖ਼ਲੀਫ਼ਇ ਵਕ਼ਤ ਦੇ ਖ਼ਿਤਾਬ ਦੇ ਬਾਅਦ ਸਾਨੂੰ ਇਸਲਾਮ ਅਤੇ ਤਕ਼ਵੇ ਦੀ ਹਕ਼ੀਕ਼ੀ ਪਛਾਣ ਹਾਸਿਲ ਹੋਈ।

**ਕ਼ਜ਼ਾਕ਼ਿਸਤਾਨ** ਤੋਂ ਇੱਕ ਖ਼ਾਤੂਨ ਜਲਸੇ ਵਿੱਚ ਸ਼ਾਮਿਲ਼ ਹੋਈ। ਉਹ ਕਹਿੰਦੀ ਹਨ: ਇਮਾਮ ਜਮਾਅਤ ਅਤੇ ਦੂਸਰੇ ਤਕ਼ਰੀਰ ਕਰਨ ਵਾਲਿਆਂ ਦੀਆਂ ਤਕ਼ਰੀਰਾਂ ਵਿੱਚ ਇਮਾਨ, ਉੱਚੇ ਅਖ਼ਲਾਕ਼, ਆਪਸੀ ਭਾਈਚਾਰੇ, ਨੌਜਵਾਨਾਂ ਦੇ ਮਸਲਿਆਂ ਅਤੇ ਸਮਾਜ ਦੀ ਤਰਬੀਅਤ ਜਿਹੇ ਅਹਿਮ ਮਾਮਲਿਆਂ ਉੱਤੇ ਰੋਸ਼ਨੀ ਪਾਈ ਗਈ।

**ਅਮਰੀਕਾ** ਤੋਂ ਇੱਕ ਕ਼ਾਨੂਨ ਦੇ ਪ੍ਰੋਫ਼ੈਸਰ ਸਾਹਿਬ ਨੇ ਕਿਹਾ ਕਿ ਮੈਨੂੰ ਦੁਨੀਆ ਭਰ ਵਿੱਚ ਕਨਵੈਨਸ਼ਨਾਂ ਅਤੇ ਕਾਨਫ਼੍ਰੈਂਸਾਂ ਵਿੱਚ ਸ਼ਾਮਿਲ ਹੋਣ ਦਾ ਮੌਕ਼ਾ ਮਿਲਿਆ ਹੈ। ਪਰ ਜਲਸਾ ਸਲਾਨਾ ਯੂ.ਕੇ ਦਾ ਤਜਰਬਾ ਉਨ੍ਹਾਂ ਸਭ ਤੋਂ ਅਲੱਗ ਰਿਹਾ ਹੈ। 100 ਤੋਂ ਜ਼ਿਆਦਾ ਮੁਲਕਾਂ ਤੋਂ ਆਏ ਹੋਏ ਲੋਕ ਵੱਖ-ਵੱਖ ਧਰਮਾਂ, ਕ਼ੌਮਾਂ ਅਤੇ ਜ਼ਿੰਦਗੀ ਦੇ ਸ਼ੋਅਬਿਆਂ ਨਾਲ਼ ਤਅੱਲੁਕ਼ ਰੱਖਣ ਵਾਲ਼ੇ ਲੋਕਾਂ ਨਾਲ਼ ਮੁਲਾਕ਼ਾਤ ਹੋਈ। ਵੱਖ-ਵੱਖ ਨੁਮਾਇਸ਼ਾਂ ਨੇ ਮੈਨੂੰ ਬਹੁਤ ਪ੍ਰਭਾਵਿਤ ਕੀਤਾ। ਉੱਚੀ ਸਿੱਖਿਆ ਹਾਸਿਲ ਕਰਨ ਵਾਲ਼ੇ ਡਾਕਟਰ, ਇੰਜੀਨੀਅਰ, ਵਕੀਲ ਅਤੇ ਦੂਜੇ ਇਲਮਾਂ ਦੇ ਮਾਹਿਰੀਨ ਨਿਹਾਇਤ ਨਿਮਰਤਾ ਨਾਲ਼ ਖ਼ਿਦਮਤ ਸਰ ਅੰਜਾਮ ਦੇ ਰਹੇ ਸਨ। ਇਸ ਚੀਜ਼ ਨੇ ਮੈਨੂੰ ਬੇ-ਹਦ ਪ੍ਰਭਾਵਿਤ ਕੀਤਾ।

**ਬ੍ਰਾਜ਼ੀਲ** ਤੋਂ ਇੱਕ ਟੈਲੀਵੀਜ਼ਨ ਰਿਪੋਰਟਰ ਕਹਿੰਦੇ ਹਨ ਕਿ ਮੈਂ ਇਸ ਆਯੋਜਨ ਦੇ ਅਜ਼ੀਮੁੱਸ਼੍ ਸ਼ਾਨ ਪੈਮਾਨੇ ਅਤੇ ਵਿਸਤਾਰ ਨੂੰ ਦੇਖ ਕੇ ਹੈਰਾਨ ਰਹਿ ਗਿਆ ਹਾਂ। ਖ਼ਾਸ ਤੌਰ ‘ਤੇ ਲੰਗਰ ਖ਼ਾਨੇ ਦਾ ਹਜਮ (ਆਕਾਰ) ਅਤੇ ਉਹ ਸਾਰੀਆਂ ਜਗਾਹਾਂ ਜਿੱਥੇ ਖਾਣਾ ਤਿਆਰ ਕੀਤਾ ਜਾਂਦਾ ਹੈ, ਨਿਹਾਇਤ ਵਿਸ਼ਾਲ, ਜਦੀਦ (ਨਵੀਨ) ਅਤੇ ਵਿਵਸਥਿਤ ਅਤੇ ਨਿਹਾਇਤ ਸਾਫ਼ ਸੁਥਰੀਆਂ ਸਨ।

**ਫ਼ਿਲਪਾਇਨ** ਤੋਂ ਪ੍ਰੋਫ਼ੈਸਰ ਸਾਹਿਬ ਆਪਣੀ ਪਤਨੀ ਦੇ ਨਾਲ਼ ਤਸ਼ਰੀਫ਼ ਲਿਆਏ ਜਿਹੜੀ ਖ਼ੁਦ ਵੀ ਪ੍ਰੋਫ਼ੈਸਰ ਹਨ। ਉਹ ਕਹਿੰਦੇ ਹਨ: ਰਜ਼ਾਕਾਰਾਂ ਦੀ ਮਿਹਨਤ ਦੇਖ ਕੇ ਹੈਰਾਨੀ ਹੋਈ ਕਿ ਕਿਸ ਤਰ੍ਹਾਂ ਉਹ ਆਪਣੀ ਮਿਹਨਤ ਨਾਲ਼ ਇਹ ਆਰਜ਼ੀ ਸ਼ਹਿਰ ਵਸਾਉਂਦੇ ਹਨ।

**ਐਲ-ਸਲਵਾਡੂਰ** ਤੋਂ ਇੱਕ ਮਹਿਮਾਨ ਜਿਹੜੇ ਸੈਂਟ੍ਰਲ ਅਮਰੀਕਨ ਪਾਰਲੀਮੈਂਟ ਵਿੱਚ ਐਲ-ਸਲਵਾਡੂਰ ਦੇ ਨੁਮਾਇੰਦੇ ਹਨ। ਉਹ ਕਹਿੰਦੇ ਹਨ: ਖ਼ਲੀਫ਼ਇ ਵਕ਼ਤ ਨਾਲ਼ ਮੁਲਾਕ਼ਾਤ ਦੇ ਬਾਅਦ ਮੈਨੂੰ ਯਕ਼ੀਨ ਹੋ ਗਿਆ ਕਿ ਖ਼ਲੀਫ਼ਇ ਵਕ਼ਤ ਨੂੰ ਆਪਣੀ ਜਮਾਅਤ ਦੇ ਬਾਰੇ ਬਹੁਤ ਮਾਲੂਮਾਤ ਹੁੰਦੀ ਹੈ।

**ਬੈਲੀਜ਼** ਤੋਂ ਇੱਕ ਨਵੀਂ ਬੈਅਤ ਕਰਨ ਵਾਲੀ ਖ਼ਾਤੂਨ ਕਹਿੰਦੀ ਹਨ ਸਾਡਾ ਤਅੱਲੁਕ਼ ਇੱਕ ਬਹੁਤ ਛੋਟੇ ਮੁਲਕ ਤੋਂ ਹੈ। ਮੈਂ ਜਿਸ ਸ਼ਹਿਰ ਵਿੱਚ ਰਹਿੰਦੀ ਹਾਂ ਉਸ ਦੀ ਆਬਾਦੀ 50 ਹਜ਼ਾਰ ਹੈ। ਸੌ ਆਦਮੀ ਵੀ ਜੇਕਰ ਕਿਤੇ ਜਮ੍ਹਾ ਹੋ ਜਾਣ ਤਾਂ ਝਗੜੇ ਸ਼ੁਰੂ ਹੋ ਜਾਂਦੇ ਹਨ ਪਰ ਜਲਸੇ ਦੇ ਪ੍ਰਬੰਧ ਵਿੱਚ ਗ਼ੈਰ ਮਾਮੂਲੀ ਅਮਨ ਸੀ।

**ਬਲਗ਼ਾਰੀਆ** ਤੋਂ ਇੱਕ ਅਸਰ ਰੱਖਣ ਵਾਲੀ ਸ਼ਖ਼ਸੀਅਤ ਨੇ ਕਿਹਾ ਕਿ ਜਲਸੇ ਵਿੱਚ ਹੋਣ ਵਾਲੀਆਂ ਤਕ਼ਰੀਰਾਂ ਬਹੁਤ ਮਾਲੂਮਾਤੀ, ਇਲਮੀ ਅਤੇ ਉੱਚੇ ਮਿਆਰ ਦੀਆਂ ਸਨ। ਤਕ਼ਰੀਰ ਕਰਨ ਵਾਲਿਆਂ ਨੇ ਧਾਰਮਿਕ ਅਤੇ ਸਾਇੰਸ ਦੇ ਵਿਸ਼ਿਆਂ ਨੂੰ ਬਹੁਤ ਚੰਗੇ ਰੰਗ ਵਿੱਚ ਪੇਸ਼ ਕੀਤਾ ਜਿਸ ਨਾਲ਼ ਹਾਜ਼ਿਰੀਨ ਦੇ ਇਲਮ ਅਤੇ ਮਅਰਿਫ਼ਤ ਵਿੱਚ ਵਾਧਾ ਹੋਇਆ।

**ਸੈਨਿਗਾਲ** ਤੋਂ ਇੱਕ ਸਾਹਿਬ ਜਿਹੜੇ ਆਪਣੇ ਇਲਾਕ਼ੇ ਦੇ ਧਾਰਮਿਕ ਆਗੂ ਹਨ। ਉਹ ਕਹਿੰਦੇ ਹਨ: ਇਮਾਮ ਜਮਾਅਤ ਨਾਲ਼ ਮੇਰੀ ਮੁਲਾਕ਼ਾਤ ਹੋਈ। ਇਸ ਨਾਲ਼ ਮੈਨੂੰ ਜਮਾਅਤ ਨੂੰ ਸਮਝਣ ਦਾ ਬਹੁਤ ਮੌਕ਼ਾ ਮਿਲਿਆ। ਹਕ਼ੀਕ਼ਤ ਇਹ ਹੈ ਕਿ ਮੈਂ ਤੁਹਾਨੂੰ ਦਿਲ ਦੀ ਗਹਿਰਾਈਆਂ ਨਾਲ਼ ਸ਼ਰਧਾਂਜਲੀ ਪੇਸ਼ ਕਰਦਾ ਹਾਂ।

**ਸੈਨਿਗਾਲ** ਤੋਂ ਇੱਕ ਮੈਂਬਰ ਪਾਰਲੀਮੈਂਟ ਸ਼ਰੀਕ ਹੋਏ। ਉਹ ਕਹਿੰਦੇ ਹਨ: ਲਫ਼ਜ਼ੀ ਇਸਲਾਮ ਤੋਂ ਵਧ ਕੇ ਇੱਥੇ ਮੈਂ ਹਕ਼ੀਕ਼ੀ ਖ਼ਿਦਮਤ ਵਾਲ਼ਾ ਇਸਲਾਮ ਦੇਖਿਆ। ਅਜਿਹੇ ਹੱਥ ਦੇਖੇ ਜਿਹੜੇ ਦੇਣ ਵਾਲ਼ੇ ਸਨ, ਅਜਿਹੇ ਦਿਲ ਦੇਖੇ ਜਿਹੜੇ ਮੁਆਫ਼ ਕਰਨ ਵਾਲ਼ੇ ਸਨ, ਅਜਿਹੇ ਬੂਹੇ ਦੇਖੇ ਜਿਹੜੇ ਦੂਸਰਿਆਂ ਲਈ ਹਮੇਸ਼ਾ ਖੁੱਲ੍ਹੇ ਰਹਿੰਦੇ ਹਨ।

**ਕੋਸੋਵੋ** ਤੋਂ ਇੱਕ ਨਿਹਾਇਤ ਇੱਜ਼ਤਦਾਰ ਖੋਜਕਾਰ ਤਾਲੀਮ ਦੇ ਮਾਹਿਰ ਪ੍ਰੋਫ਼ੈਸਰ ਸਾਹਿਬ ਜਲਸੇ ਵਿੱਚ ਸ਼ਰੀਕ ਹੋਏ। ਉਹ ਕਹਿੰਦੇ ਹਨ: ਇਮਾਮ ਜਮਾਅਤ ਦੀਆਂ ਤਕ਼ਰੀਰਾਂ ਸੁਣਨ ਦਾ ਮੌਕ਼ਾ ਮਿਲਿਆ। ਉਨ੍ਹਾਂ ਨਾਲ਼ ਮੁਲਾਕ਼ਾਤ ਵੀ ਹੋਈ। ਜਿਸ ਚੀਜ਼ ਨੇ ਮੈਨੂੰ ਸਭ ਤੋਂ ਜ਼ਿਆਦਾ ਪ੍ਰਭਾਵਿਤ ਕੀਤਾ ਉਹ ਅਮਨ, ਅੰਤਰਧਾਰਮਿਕ ਸਦਭਾਵਨਾ (ਧਰਮਾਂ ਦਾ ਆਪਸ ਵਿੱਚ ਭਾਈਚਾਰਾ), ਮਾਨਵੀ ਸਮਾਨਤਾ (ਇਨਸਾਨੀ ਬਰਾਬਰੀ), ਆਪਸੀ ਸਤਿਕਾਰ, ਅਤੇ ਸਮਾਜ ਦੇ ਹਰ ਸ਼ਖ਼ਸ ਨੂੰ ਨਾਲ਼ ਲੈ ਕੇ ਚੱਲਣ ‘ਤੇ ਲਗਾਤਾਰ ਅਤੇ ਗ਼ੈਰ ਮਾਮੂਲੀ ਜ਼ੋਰ ਸੀ।

**ਸਪੇਨ** ਤੋਂ ਪੈਦਰੂਬਾਦ ਦੇ ਮੇਅਰ ਤਸ਼ਰੀਫ਼ ਲਿਆਏ ਸਨ। ਉਹ ਕਹਿੰਦੇ ਹਨ: ਜਲਸਾ ਸਲਾਨਾ ਨੇ ਸਾਨੂੰ ਇਹ ਦੇਖਣ ਦਾ ਮੌਕ਼ਾ ਦਿੱਤਾ ਕਿ ਇਹ ਸਿਰਫ਼ ਧਾਰਨਾ ਦਾ ਜਸ਼ਨ ਨਹੀਂ ਬਲਕਿ ਇਹ ਵੱਖ ਵੱਖ ਮੁਲਕਾਂ, ਸੱਭਿਆਚਾਰਾਂ ਅਤੇ

ਤੱਥਾਂ ਨਾਲ਼ ਤਅੱਲੁਕ਼ ਰੱਖਣ ਵਾਲ਼ੇ ਲੋਕਾਂ ਦੇ ਦਰਮਿਆਨ ਸਹਿ-ਅਸਤਿਤਵ (ਆਪਸੀ ਬਕ਼ਾ) ਦਾ ਇੱਕ ਗ਼ੈਰ ਮਾਮੂਲੀ ਮੁਜ਼ਾਹਿਰਾ ਹੈ।

ਇਸੇ ਤਰ੍ਹਾਂ ਹਜ਼ੂਰ ਅਨਵਰ ਨੇ ਕੁੱਝ ਦੂਸਰੇ ਸਤਿਕਾਰਯੋਗ ਮਹਿਮਾਨਾਂ ਦੇ ਵੀ ਮੁਸ਼ਾਹਿਦਾਤ ਅਤੇ ਪ੍ਰਭਾਵ ਪੇਸ਼ ਕੀਤੇ ਜਿਨ੍ਹਾਂ ਨੇ ਜਲਸੇ ਦੇ ਗ਼ੈਰ ਮਾਮੂਲੀ ਪ੍ਰਬੰਧ ਅਤੇ ਰੂਹਾਨੀ ਮਾਹੌਲ ਨੂੰ ਸਰਾਹਿਆ ਸੀ।

**ਯੂਨਾਨ** ਤੋਂ ਇੱਕ ਮਹਿਮਾਨ ਖ਼ਾਤੂਨ ਨੇ ਜਲਸੇ ਦੇ ਸਾਰੇ ਮਾਮਲਿਆਂ ਦੀ ਤਾਰੀਫ਼ ਕਰਨ ਦੇ ਨਾਲ਼ ਇੱਕ ਗੱਲ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਉਹ ਮੈਨੂੰ ਪਸੰਦ ਨਹੀਂ ਆਈ। ਉਹ ਇਹ ਕਿ ਕੁੱਝ ਔਰਤਾਂ ਇਸਲਾਮੀ ਡ੍ਰੈਸ ਕੋਡ (ਪਰਦੇ) ਦੀ ਚੰਗੀ ਤਰ੍ਹਾਂ ਪੈਰਵੀ ਨਹੀਂ ਕਰ ਰਹੀਆਂ ਸਨ ਅਤੇ ਕੁੱਝ ਮਰਦ ਵੀ ਗ਼ੱਜ਼ਿ ਬਸਰ (ਨਿਗਾਹ ਨੀਂਵੀਂ ਕਰਨ) ਵਿੱਚ ਕਮਜ਼ੋਰੀ ਦਿਖਾ ਰਹੇ ਸਨ।

ਹਜ਼ੂਰ ਅਨਵਰ ਨੇ ਫ਼ਰਮਾਇਆ: ਹਾਲਾਂਕਿ ਮੈਂ ਇਸ ਬਾਰੇ ਖ਼ਾਸ ਤੌਰ 'ਤੇ ਤਲਕ਼ੀਨ ਕੀਤੀ ਸੀ। ਮਨਫ਼ੀ ਟਿੱਪਣੀਆਂ ਨੂੰ ਵੀ ਆਪਣੀ ਇਸਲਾਹ ਦੇ ਲਈ ਸਾਨੂੰ ਸੁਣਨਾ ਚਾਹੀਦਾ ਹੈ। ਬਸ ਜਿਹੜੇ ਬੇ-ਇਹਤਿਆਤੀ ਕਰਦੇ ਰਹੇ ਹਨ ਉਨ੍ਹਾਂ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਗ਼ੈਰ ਸਾਨੂੰ ਬੜੀ ਗਹਿਰੀ ਨਜ਼ਰ ਨਾਲ਼ ਦੇਖਦੇ ਹਨ ਅਤੇ ਸਾਨੂੰ ਉਨ੍ਹਾਂ ਨੂੰ ਕੋਈ ਅਜਿਹਾ ਮੌਕ਼ਾ ਨਹੀਂ ਦੇਣਾ ਚਾਹੀਦਾ ਜਿਸ ਨਾਲ਼ ਇਸਲਾਮ ਦੀ ਹਕ਼ੀਕ਼ੀ ਤਸਵੀਰ ਉੱਤੇ ਦਾਗ਼ ਆਵੇ। ਜਲਸੇ ਦੀਆਂ ਤਕ਼ਰੀਰਾਂ ਦੇ ਦੌਰਾਨ ਮੈਂ ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਦਾ ਇੱਕ ਇਕ਼ਤਿਬਾਸ ਵੀ ਪੜ੍ਹਿਆ ਸੀ ਕਿ ਗ਼ੈਰਾਂ ਨੂੰ ਅਜਿਹਾ ਮੌਕ਼ਾ ਨਾ ਦਿਓ ਕਿ ਉਹ ਸਾਡੇ ਤੇ ਉਂਗਲੀ ਉਠਾਉਣ।

ਹਜ਼ੂਰ ਅਨਵਰ ਨੇ ਜਲਸੇ ਦੀ ਪ੍ਰੈਸ ਅਤੇ ਮੀਡੀਆ ਵਿੱਚ ਹੋਣ ਵਾਲ਼ੀ ਚੰਗੀ ਕਵਰੇਜ ਦਾ ਜ਼ਿਕਰ ਕੀਤਾ। ਜਲਸਾ ਸਲਾਨਾ ਨੂੰ ਪ੍ਰਿੰਟ ਮੀਡੀਆ, ਰੇਡੀਓ, ਟੀ.ਵੀ ਅਤੇ ਸੋਸ਼ਲ ਮੀਡੀਆ ਦੇ ਜ਼ਰੀਏ ਵੱਡੇ ਪੈਮਾਨੇ 'ਤੇ ਪ੍ਰਸਾਰਿਤ ਕੀਤਾ ਗਿਆ ਜਦਕਿ ਵੱਖ-ਵੱਖ ਅਖ਼ਬਾਰਾਂ ਅਤੇ ਟੀ.ਵੀ ਚੈਨਲਾਂ ਨੇ ਵੀ ਜਲਸੇ ਦੀ ਕਵਰੇਜ ਕੀਤੀ।

ਖ਼ੁਤਬੇ ਦੇ ਆਖ਼ਿਰ 'ਤੇ ਹਜ਼ੂਰ ਅਨਵਰ ਨੇ ਫ਼ਰਮਾਇਆ: ਅੱਲਾਹ ਤਆਲਾ ਇਸ ਜਲਸੇ ਦੇ ਨੇਕ ਅਸਰ ਜਿੱਥੇ ਜਮਾਅਤ ਦੇ ਲੋਕਾਂ 'ਤੇ ਕ਼ਾਇਮ ਫ਼ਰਮਾਵੇ ਉੱਥੇ ਲੋਕਾਂ ਦੀ ਰਹਿਨੁਮਾਈ ਵੀ ਫ਼ਰਮਾਵੇ ਅਤੇ ਉਨ੍ਹਾਂ ਨੂੰ ਸਹੀ ਇਸਲਾਮ ਅਤੇ ਅਹਮਦਿੱਯਤ ਦੇ ਵੱਲ ਉਤਸ਼ਾਹਿਤ ਕਰੇ।

أَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَ نَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ أَنْفُسِنَا وَمِنْ سَيِّاٰتِ أَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ ۞ وَنَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَنَشْهَدُ أَنَّ مُحَمَّدًا عَبْدُهٗ وَ رَسُوْلُهٗ ۞ عِبَادَ اللّٰهِ رَحِمَكُمُ اللّٰهِ إِنَّ اللّٰهَ يَأْمُرُ بِالْعَدْلِ وَالْإِحْسَانِ وَ إِيْتَآءِ ذِي الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ ۚ يَعِظُكُمْ لَعَلَّكُمْ تَذَكَّرُوْنَ أُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ أَكْبَرُ ۞